www.ajdiawaaz.com

info@ajdiawaaz.com

ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 3 ਜੂਨ, 2010 ਵੀਰਵਾਰ • 21 ਜੇਠ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 51 • Postel Regd. No. PB/0007/09-2011

ਚੁਣੇ ਗਏ ਡਾਇਰੈਕਟਰਾਂ ਦੀ ਮੀਟਿੰਗ 3

ਸੰਪਾਦਕੀ

ਨਾਕਾਮੀਆਂ ਦੀ ਜ਼ਿੰਮੇਵਾਰੀ ਲੈਣ ਪ੍ਰਧਾਨ ਮੰਤਰੀ 4



ਦੇਸ਼ ਦੁਨੀਆ

ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ 8

ਗਿਆਨੇਸ਼ਵਰੀ ਟ੍ਰੇਨ ਹਾਦਸਾ : ਚਾਰ ਸ਼ੱਕੀ ਨਕਸਲੀ ਗ੍ਰਿਫਤਾਰ

ਝਾਰਗ੍ਰਾਮ, 2 ਜੂਨ (ਵਿਸ਼ਵ ਵਾਰਤਾ)-ਪੱਛਮੀ ਬੰਗਾਲ ਵਿਚ ਗਿਆਨੇਸ਼ਵਰੀ ਟ੍ਰੇਨ ਹਾਦਸੇ ਵਿਚ ਸ਼ਾਮਿਲ ਹੋਣ ਦੇ ਦੋਸ਼ ਵਿਚ ਪੁਲਿਸ ਨੇ ਅੱਜ ਚਾਰ ਸ਼ੱਕੀ ਨਕਸਲੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਟ੍ਰੇਨ ਹਾਦਸੇ ਵਿਚ 148 ਲੋਕ ਮਾਰੇ ਗਏ ਸਨ, ਜਦੋਂ ਕਿ 200 ਤੋਂ ਜ਼ਿਆਦਾ ਜ਼ਖ਼ਮੀ ਹੋਏ ਸਨ। ਜਾਣਕਾਰੀ ਅਨੁਸਾਰ ਸੀ.ਆਰ.ਪੀ.ਐਫ. ਜਵਾਨਾਂ ਨੇ ਸਥਾਨਕ ਪੁਲਿਸ ਨਾਲ ਮਿਲ ਕੇ ਝਾਰਗ੍ਰਾਮ ਪੁਲਿਸ ਥਾਣੇ ਤਹਿਤ ਗੁਮੇਰਾ ਪਿੰਡ ਤੋਂ ਚਾਰ ਲੋਕਾਂ ਨੂੰ ਸ਼ੱਕ ਦੇ ਆਧਾਰ ਉਤੇ ਹਿਰਾਸਤ ਵਿਚ ਲਿਆ ਹੈ। ਜ਼ਿਕਰਯੋਗ ਹੈ ਕਿ ਇਹ ਟ੍ਰੇਨ ਹਾਦਸਾ ਸ਼ੁੱਕਰਵਾਰ ਨੂੰ ਵਾਪਰਿਆ ਸੀ।

ਨਕਸਲ ਪ੍ਰਭਾਵਿਤ ਖੇਤਰਾਂ 'ਚ ਪੁਲਿਸ ਫੋਰਸ ਦੁੱਗਣੀ ਹੋਵੇਗੀ

ਗ੍ਰਹਿ ਮੰਤਰੀ ਵੱਲੋਂ ਵਿਸ਼ੇਸ਼ ਸਿਖਲਾਈ 'ਤੇ ਜ਼ੋਰ

ਨਵੀਂ ਦਿੱਲੀ, 2 ਜੂਨ (ਵਿਸ਼ਵ ਵਾਰਤਾ)-ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਪੀ. ਚਿਦੰਬਰਮ ਨੇ ਰਾਜਾਂ ਨੂੰ ਹਰ ਸਾਲ ਕੀਤੀ ਜਾਣ ਵਾਲੀ ਭਰਤੀ ਦੁੱਗਣੀ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪੁਲਿਸ ਸਿਖਲਾਈ ਸੰਸਥਾਵਾਂ ਦੀ ਸੰਖਿਆ ਵੀ ਦੁੱਗਣੀ ਕੀਤੀ ਜਾਣੀ ਚਾਹੀਦੀ ਹੈ। ਗ੍ਰਹਿ ਮੰਤਰੀ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚ 40ਵੀਂ ਸਰਵ ਭਾਰਤੀ ਪੁਲਿਸ ਵਿਗਿਆਨ ਕਾਂਗਰਸ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਰਾਜਾਂ ਵੱਲੋਂ ਕੇਂਦਰ ਸਰਕਾਰ ਨੂੰ ਉਪਲਬੱਧ ਕਰਵਾਈ ਗਈ ਜਾਣਕਾਰੀ ਮੁਤਾਬਿਕ ਪੁਲਿਸ ਵਿੱਚ ਸਾਰੇ ਦਰਜੇ ਦੀਆਂ 21 ਲੱਖ ਆਸਾਮੀਆਂ ਮਨਜ਼ੂਰ ਹਨ ਜਿਨ੍ਹਾਂ ਵਿੱਚੋਂ 3 ਲੱਖ 35 ਹਜ਼ਾਰ ਖਾਲੀ ਹਨ। ਸ਼੍ਰੀ ਚਿਦੰਬਰਮ ਨੇ ਕਿਹਾ ਇਸ ਵੇਲੇ ਦੇਸ਼ ਵਿੱਚ ਇੱਕ ਲੱਖ ਦੀ ਆਬਾਦੀ ਪਿਛੇ 160 ਪੁਲਿਸ ਕਰਮਚਾਰੀ ਮੌਜੂਦ ਹਨ ਜੋ ਕਿ ਕੌਮਾਂਤਰੀ ਪੱਧਰ ਉਤੇ ਪੁਲਿਸ ਪਬਲਿਕ ਅਨੁਪਾਤ ਤੋਂ ਕਾਫੀ ਘਟ ਹੈ। ਸ਼੍ਰੀ ਚਿਦੰਬਰਮ ਨੇ ਕਿਹਾ ਕਿ ਪੁਲਿਸ ਫੋਰਸ ਵਿਚ ਗਿਣਤੀ ਵਧਾਉਣ ਦੇ ਨਾਲ ਨਾਲ ਇਨ੍ਹਾਂ ਨੂੰ ਬਿਹਤਰ ਸਿਖਲਾਈ ਦਿੱਤੇ ਜਾਣ ਦੀ ਵੀ ਲੋੜ ਹੈ। ਗ੍ਰਹਿ ਮੰਤਰੀ ਨੇ ਦੇਸ਼ ਵਿੱਚ ਪੁਲਿਸ ਬਲਾਂ ਨੂੰ ਮਜ਼ਬੂਤ ਬਣਾਉਣ ਲਈ ਕੇਂਦਰ ਵੱਲੋਂ ਹਰ ਸੰਭਵ ਸਹਾਇਤਾ ਦਾ ਯਕੀਨ ਦਵਾਇਆ। ਉਨ੍ਹਾਂ ਨੇ ਇਹ ਸਮਾਗਮ ਕਰਵਾਉਣ ਲਈ ਛੱਤੀਸਗੜ੍ਹ ਸਰਕਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਰਾਜ ਬੜੇ ਔਖਾ ਸਮੇਂ ਵਿਚੋਂ ਲੰਘ ਰਿਹਾ ਹੈ। ਪਿਛਲੇ 8 ਹਫਤਿਆਂ ਦੌਰਾਨ ਰਾਜ ਵਿੱਚ ਹਿੰਸਾ ਦੀਆਂ 28 ਵੱਡੀਆਂ ਵਾਰਦਾਤਾਂ ਹੋਈਆਂ ਹਨ ਜਿਸ ਵਿੱਚ ਬਹੁਤ ਜਾਨਾਂ ਗਈਆਂ ਹਨ ਅਤੇ ਬਹੁਤ ਸਾਰੇ ਜ਼ਖ਼ਮੀ ਹੋਏ ਹਨ। ਸ਼੍ਰੀ ਚਿਦੰਬਰਮ ਨੇ ਕਿਹਾ ਕਿ ਮੈਂ ਛੱਤੀਸਗੜ੍ਹ ਦੇ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਔਖੀ ਘੜੀ ਵਿੱਚ ਕੇਂਦਰ ਸਰਕਾਰ ਪੂਰੀ ਤਰ੍ਹਾਂ ਨਾਲ ਉਨ੍ਹਾਂ ਨਾਲ ਹੈ। ਉਨ੍ਹਾਂ ਕਿਹਾ ਕਿ ਲੋਕਾਂ ਅਤੇ ਸੁਰੱਖਿਆ ਬਲਾਂ ਨੂੰ ਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕੇਂਦਰ ਛਤੀਸਗੜ੍ਹ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਤਿਆਰ ਹੈ।

6 ਜੂਨ ਦਾ ਦਿਨ ਘੱਲੂਘਾਰਾ ਦਿਵਸ ਵਜੋਂ ਮਨਾਇਆ ਜਾਵੇਗਾ

ਅੰਮ੍ਰਿਤਸਰ : 2 ਜੂਨ (ਮੋਤਾ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਥੋਂ ਜਾਰੀ ਇਕ ਪ੍ਰੈਸ ਰੀਲੀਜ਼ 'ਚ ਕਿਹਾ ਕਿ ਜੂਨ 1984 ਦੀ ਕਾਂਗਰਸ ਸਰਕਾਰ ਵੱਲੋਂ ਸਿੱਖ ਜਗਤ ਦੇ ਧਾਰਮਿਕ ਅਸਥਾਨਾਂ ਵਿਸ਼ੇਸ਼ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਰਤੀ ਫੌਜ ਵਲੋਂ ਤੋਪਾਂ ਨਾਲ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਇਸ ਦਿਨ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੋਣ ਕਰਕੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਧਾਰਮਿਕ ਅਸਥਾਨ ਤੇ ਨਤਮਸਤਕ ਹੋਣ ਆਈਆ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 34 ਗੁਰਦੁਆਰਾ ਸਾਹਿਬਾਨ ਉਪਰ ਹਮਲਾ ਕਰਕੇ ਸਮੇਂ ਦੀ ਸਰਕਾਰ ਨੇ ਵੱਡੀ ਗਿਣਤੀ 'ਚ ਨਿਰਦੋਸ਼ ਸਿੰਘ ਸਿੰਘਣੀਆਂ ਨੂੰ ਸਹੀਦ ਕੀਤਾ, ਇਥੇ ਹੀ ਬਸ ਨਹੀਂ ਜਿਹੜੀਆਂ ਸੰਗਤਾਂ ਬਚ ਗਈਆਂ ਉਨ੍ਹਾਂ ਸੰਗਤਾਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਲੰਮਾਂ ਸਮਾਂ ਬੰਦ ਰੱਖਿਆ। ਸਿੱਖ ਇਤਿਹਾਸ ਦਾ ਇਹ ਕਾਲਾ ਦਿਨ ਸਿੱਖ ਸੰਗਤਾਂ ਦੇ ਮਨਾਂ ਵਿਚ ਅਜੇ ਵੀ ਉਕਰਿਆ ਹੋਇਆ ਹੈ, ਜੋ ਹਰ ਸਾਲ 6 ਜੂਨ ਨੂੰ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਸਿੱਖਾਂ ਦੇ ਏਨੇ ਵੱਡੇ ਜਾਨੀ ਨੁਕਸਾਨ ਦਾ ਇਹ ਦਿਨ ਘੱਲੂਘਾਰਾ (ਬਾਕੀ ਸਫਾ 2 'ਤੇ)

ਪੰਜਾਬ ਕਾਂਗਰਸ 'ਚ ਲੜਾਈ ਸਿਖਰਾਂ 'ਤੇ

ਹੁਣ ਮੀਟਿੰਗ ਵਿੱਚ 27 ਸਤੰਬਰ ਨੂੰ ਉੱਤਰੀ ਭਾਰਤ ਦੇ ਰਾਜਾਂ ਦੀ ਕਾਂਗਰਸ ਦੀ 125 ਵਰ੍ਹੇਗੰਢ 'ਤੇ ਹੋ ਰਹੇ ਸਮਾਗਮ ਦੀਆਂ ਤਿਆਰੀਆਂ ਤੇ ਪ੍ਰਬੰਧ ਕਰਨ ਲਈ ਦੋ ਮੈਂਬਰੀ ਕਮੇਟੀ ਬਣਾ ਦਿੱਤੀ

ਚੰਡੀਗੜ੍ਹ, 2 ਜੂਨ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿੱਚ ਧੜੇਬਾਜ਼ੀ ਹੁਣ ਇਤਨੀ ਸਿਖਰਾਂ 'ਤੇ ਪਹੁੰਚ ਗਈ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਧੜੇ ਨੇ ਹੁਣ ਕੈਪਟਨ ਅਮਰਿੰਦਰ ਸਿੰਘ ਨਾਲ ਦੋ ਹੱਥ ਕਰਨ ਦਾ ਫੈਸਲਾ ਕਰ ਹੀ ਲਿਆ ਹੈ। ਪੰਜਾਬ ਕਾਂਗਰਸ ਦੇ ਦਫਤਰ ਵਿੱਚ ਪਿਛਲੀ ਕੱਲ੍ਹ ਜੋ ਕਾਂਗਰਸ ਦੇ 125 ਸਥਾਪਨਾ ਦਿਵਸ ਮਨਾਉਣ ਲਈ ਜਿਹੜੀ ਤਾਲਮੇਲ ਕਮੇਟੀ ਬਣਾਈ ਗਈ ਹੈ, ਉਸ ਦੀ ਮੀਟਿੰਗ ਵੀ ਹੋਈ ਸੀ, ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਫਿਰ ਸ਼ਾਮਲ ਨਹੀਂ ਹੋਏ। ਮੀਟਿੰਗ ਵਿੱਚ ਮੁੱਖ ਤੌਰ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਅਤੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਆਪਣੇ ਵਿਚਾਰ ਰੱਖੇ। ਕੈਪਟਨ ਅਮਰਿੰਦਰ ਸਿੰਘ ਵੱਲੋਂ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਕਾਰਨ ਨੇਤਾਵਾਂ ਵੱਲੋਂ ਕਾਫੀ ਨਰਾਜ਼ਗੀ ਪ੍ਰਗਟਾਈ ਗਈ। ਅਸਲ ਵਿੱਚ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਉਸ ਮੀਟਿੰਗ ਵਿੱਚ ਸ਼ਿਰਕਤ ਨਹੀਂ ਕੀਤੀ, ਜਿਸ ਦੀ ਪ੍ਰਧਾਨਗੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਕੀਤੀ। ਸਿਰਫ ਉਹ ਇੱਕ ਮੀਟਿੰਗ ਵਿੱਚ ਸ਼ਾਮਲ ਹੋਏ ਸਨ ਜਿਨ੍ਹਾਂ ਦੀ ਪ੍ਰਧਾਨਗੀ ਆਲ ਇੰਡੀਆ ਕਾਂਗਰਸ ਦੀ ਜਨਰਲ ਸੈਕਟਰੀ ਮੋਹਸਿਨ੍ਹਾ ਕਿਦਵਾਈ, ਅੰਬਿਕਾ ਸੋਨੀ ਨੇ ਕੀਤੀ ਸੀ। ਕੱਲ੍ਹ ਦੀ ਮੀਟਿੰਗ ਵਿੱਚ ਹੁਣ ਫੈਸਲੇ ਕੈਪਟਨ ਅਮਰਿੰਦਰ ਸਿੰਘ ਦੀ ਗੈਰ-ਮੌਜੂਦਗੀ ਵਿੱਚ ਕਾਹਲੀ ਵਿੱਚ ਲਏ ਗਏ। ਵੈਸੇ ਇਸ ਤਾਲਮੇਲ ਕਮੇਟੀ ਦੀ ਗੈਰ-ਰਸਮੀ ਹੀ ਸੀ, ਕਿਉਂਕਿ ਇਸਦੇ ਬਹੁਸੰਮਤੀ ਮੈਂਬਰ ਮੀਟਿੰਗ ਵਿੱਚ ਆਏ ਹੀ ਨਹੀਂ, ਜਿਨ੍ਹਾਂ ਵਿੱਚ ਖਾਸ ਤੌਰ 'ਤੇ ਮਨੀਸ਼ ਤਿਵਾੜੀ, ਲਾਲ ਸਿੰਘ, ਅੰਬਿਕਾ ਸੋਨੀ, ਅਸ਼ਵਨੀ ਕੁਮਾਰ, ਕੇਂਦਰੀ ਮੰਤਰੀ, ਆਲ ਇੰਡੀਆ ਕਾਂਗਰਸ ਕਮੇਟੀ ਦੀ ਜਨਰਲ ਸੈਕਟਰੀ ਮੋਹਸਿਨ੍ਹਾ ਕਿਦਵਾਈ, ਅੰਬਿਕਾ ਸੋਨੀ ਕੈਪਟਨ ਅਮਰਿੰਦਰ ਸਿੰਘ। ਹੁਣ ਮੀਟਿੰਗ ਵਿੱਚ 27 ਸਤੰਬਰ ਨੂੰ ਉਤਰੀ ਭਾਰਤ ਦੇ ਰਾਜਾਂ ਦਾ ਕਾਂਗਰਸ ਦੀ 125 ਵਰ੍ਹੇਗੰਢ 'ਤੇ ਹੋ ਰਹੇ ਸਮਾਗਮ ਦੀਆਂ ਤਿਆਰੀਆਂ (ਬਾਕੀ ਸਫਾ 2 'ਤੇ)

ਰਾਠੌਰ ਦੀ ਜ਼ਮਾਨਤ ਅਰਜ਼ੀ 'ਤੇ ਫੈਸਲਾ ਅੱਜ

ਚੰਡੀਗੜ੍ਹ, 2 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਅੱਜ ਰੁਚਿਕਾ ਛੇੜਛਾੜ ਕੇਸ ਵਿੱਚ ਦੋਸ਼ੀ ਐਲਾਨੇ ਹਰਿਆਣਾ ਦੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਐੱਸ.ਪੀ.ਐੱਸ. ਰਾਠੌਰ ਦੀ 18 ਮਹੀਨੇ ਦੀ ਸਜ਼ਾ ਦੇ ਕੇਸ ਵਿੱਚ ਜ਼ਮਾਨਤ ਲਈ ਫੈਸਲਾ ਕੱਲ੍ਹ ਵੀਰਵਾਰ ਤੱਕ ਰਿਜ਼ਰਵ ਰਾਖਵਾਂ ਰੱਖ ਲਿਆ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵੋਕੇਸ਼ਨਲ ਜੱਜ ਅਜੇ ਤਿਵਾੜੀ ਇਸ ਰਾਠੌਰ ਦੀ ਜ਼ਮਾਨਤ ਦੀ ਰਵੀਜ਼ਨ ਪਟੀਸ਼ਨ ਤੇ ਦੋਹਾਂ ਪਾਸਿਆਂ ਤੋਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਿਜ਼ਰਵ ਰੱਖ ਲਿਆ ਹੈ। ਇਸ ਤੋਂ ਪਹਿਲਾਂ ਸੀ.ਬੀ.ਆਈ. ਦੇ (ਬਾਕੀ ਸਫਾ 2 'ਤੇ)

ਘੱਲੂਘਾਰਾ ਦਿਵਸ ਨੂੰ ਸਮਰਪਿਤ

ਗੁਰਦੁਆਰਾ ਕਿਲ੍ਹਾ ਸਾਹਿਬ ਬਠਿੰਡਾ 'ਚ ਮਹਾਨ ਗੁਰਮਤਿ ਸਮਾਗਮ ਅੱਜ

ਬਠਿੰਡਾ, 2 ਜੂਨ (ਬਸੰਤ ਸਿੰਘ ਅਗਰੋਈਆ)-ਖਾਲਸਾ ਐਕਸ਼ਨ ਕਮੇਟੀ ਦੇ ਬੁਲਾਰੇ ਭਾਈ ਗੁਰਦੀਪ ਸਿੰਘ ਬਠਿੰਡਾ, ਇੰਟਰ ਕੌਂਸਲ ਖਾਲਸਾ ਫੌਜ ਦੇ ਮੁਖੀ ਭਾਈ ਰਮਨਦੀਪ ਸਿੰਘ ਸ਼ਨੀ, ਗੁਰਮਤਿ ਪ੍ਰਚਾਰ ਸਭਾ ਦੇ ਪ੍ਰਧਾਨ ਭਾਈ ਗਮਦੂਰ ਸਿੰਘ ਖਾਲਸਾ, ਪੰਜਾਬ ਯੂਥ ਕਲੱਬ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਭਾਈ ਜਸਵੀਰ ਸਿੰਘ ਗਰੇਵਾਲ, ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਦੇ ਪ੍ਰਧਾਨ ਰਮਨਦੀਪ ਸਿੰਘ ਰਮੀਤਾ, ਸਾਹਿਬਜ਼ਾਦਾ ਫਤਿਹ ਸਿੰਘ ਭਲਾਈ ਕਲੱਬ ਦੇ ਸਰਪ੍ਰਸਤ ਯਾਦਵਿੰਦਰ ਸਿੰਘ ਬਰਾੜ ਅਤੇ ਪ੍ਰਧਾਨ ਹਰਦੀਪ ਸਿੰਘ ਸਿਵੀਆਂ, ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਭਾਈ ਰਣਜੀਤ ਸਿੰਘ, ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਦੇ ਪ੍ਰਧਾਨ ਭਾਈ ਬੇਅੰਤ ਸਿੰਘ ਰੰਧਾਵਾ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਜਥੇਬੰਦਕ ਸਕੱਤਰ ਭਾਈ ਦਰਸ਼ਨ ਸਿੰਘ ਜਗ੍ਹਾ ਰਾਮ ਤੀਰਥ, ਸੰਤ ਬਾਬਾ ਬੂਟਾ ਸਿੰਘ ਗੁਰਥਲੀ ਵਾਲੇ, ਸੰਤ ਬਾਬਾ ਮਨਮੋਹਨ ਸਿੰਘ ਗੁੰਮਟਸਰ ਵਾਲੇ, ਬਾਬਾ ਸੁਖਦੇਵ ਸਿੰਘ ਯੋਗਾਨੰਦ ਨੇ ਇੱਕ ਸਾਂਝੇ ਬਿਆਨ ਵਿੱਚ ਪੰਚ ਪ੍ਰਧਾਨੀ ਦਲ ਵੱਲੋਂ ਚਪੜਚਿੜੀ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਕੀਤੇ ਜਾ ਰਹੇ ਮਾਰਚ ਉੱਪਰ ਪੰਜਾਬ ਸਰਕਾਰ ਵੱਲੋਂ ਪਾਬੰਦੀ ਲਾਉਣ ਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਕੀਤੀ। ਸ਼ਾਂਤਮਈ ਅਤੇ ਜਮਹੂਰੀ ਤਰੀਕਿਆਂ ਨਾਲ ਭਾਰਤੀ ਹੁਕਮਰਾਨਾਂ ਵੱਲੋਂ ਜੂਨ 1984 ਵਿੱਚ ਸਿੱਖਾਂ ਦੀ ਕੀਤੀ ਨਕਲਕੁਸ਼ੀ ਵਿਰੁੱਧ ਰੋਸ ਮਾਰਚ ਉੱਪਰ ਪਾਬੰਦੀ ਲਾਉਣ ਨਾਲ ਸਿੱਖਾਂ ਦੇ ਮਨਾਂ ਅੰਦਰ ਜਮਹੂਰੀਅਤ ਅਤੇ ਸ਼ਾਂਤਮਈ ਢੰਗ ਤਰੀਕਿਆਂ ਪ੍ਰਤੀ ਨਿਰਾਸ਼ਤਾ ਪੈਦਾ ਹੋਵੇਗੀ। ਪੁਲਿਸ ਫੋਰਸ ਦੀ ਸਿੱਖਾਂ ਵਿਰੁੱਧ ਬਿਨਾਂ ਕਿਸੇ ਕਾਰਨ ਦੇ ਵਰਤੋਂ ਕਰਨ ਨਾਲ ਪੁਲਿਸ ਫੋਰਸ ਵਿੱਚ ਜੂਨ 1984 ਦੀ ਫੌਜ ਵਾਂਗ ਰੋਸ ਪੈਦਾ ਹੋ ਸਕਦਾ ਹੈ। ਪੰਥਕ ਆਗੂਆਂ ਨੇ ਕਿਹਾ ਕਿ ਹੁਕਮਰਾਨ ਪਿਛਲੇ ਦਹਾਕਿਆਂ ਵਿੱਚ ਸਿੱਖਾਂ ਤੇ ਭਾਰਤੀ ਹੁਕਮਰਾਨਾਂ ਵਿੱਚ ਹੋਏ ਖੂਨੀ ਸੰਘਰਸ਼ ਤੋਂ ਕੋਈ ਸਬਕ ਸਿੱਖਣ ਲਈ ਤਿਆਰ ਨਹੀਂ। ਉਨ੍ਹਾਂ ਦੱਸਿਆ ਕਿ 3 ਜੂਨ ਨੂੰ ਬਠਿੰਡਾ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਸਵੇਰੇ 10 ਵਜੇ ਜ਼ਿਲ੍ਹਾ ਅਧਿਕਾਰੀਆਂ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਗ੍ਰਿਫਤਾਰ ਸਿੰਘਾਂ ਦੀ ਰਿਹਾਈ ਅਤੇ ਸ਼ਾਂਤਮਈ ਪ੍ਰੋਗਰਾਮਾਂ ਉੱਪਰ ਪਾਬੰਦੀ ਹਟਾਉਣ ਲਈ ਇੱਕ ਯਾਦ ਪੱਤਰ ਦਿੱਤਾ ਜਾਵੇਗਾ। ਪੰਥਕ ਆਗੂਆਂ ਨੇ ਦੱਸਿਆ ਕਿ ਜੂਨ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ 3 ਜੂਨ ਨੂੰ ਗੁਰਦੁਆਰਾ ਕਿਲ੍ਹਾ ਸਾਹਿਬ ਬਠਿੰਡਾ ਵਿੱਚ ਮਹਾਨ ਗੁਰਮਤਿ ਸਮਾਗਮ ਸੰਬੰਧੀ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਉਨ੍ਹਾਂ ਬਠਿੰਡਾ ਤੇ ਹਲਕੇ ਦੀ ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿੱਚ ਵੱਧ ਚੜ੍ਹ ਕੇ ਪੁੱਜਣ ਦਾ ਸੱਦਾ ਦਿੱਤਾ। ਇਸ ਮੌਕੇ ਉਪਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਸ਼ਹੀਦ ਭਾਈ ਅਮਰੀਕ ਸਿੰਘ ਤੇ ਸ਼ਹੀਦ ਭਾਈ ਜਨਰਲ ਸੁਬੇਗ ਸਿੰਘ ਦੇ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਜਾਵੇਗਾ। ਕੀਰਤਨ ਦਰਬਾਰ ਅਤੇ ਢਾਡੀ ਦਰਬਾਰ ਹੋਵੇਗਾ, ਜਿਸ ਵਿੱਚ ਬਾਬਾ ਬਲਜੀਤ ਸਿੰਘ ਦਾਦੂਵਾਲ ਵਾਲੇ ਦੀਵਾਨ ਸਜਾਉਣਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਉੱਘੇ ਢਾਡੀ ਮੋਰਾਂਵਾਲੀ ਦਾ ਜਥਾ ਵੀਰਰਸੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ। ਇਸ ਮੌਕੇ ਉੱਪਰ ਉੱਘੀਆਂ ਪੰਥਕ ਸ਼ਖ਼ਸੀਅਤਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

ਕਿਸਾਨਾਂ ਨੂੰ ਮਿਲੇਗੀ ਚਾਰ ਘੰਟੇ ਬਿਜਲੀ

ਪਟਿਆਲਾ, 2 ਜੂਨ (ਯੋਗੇਸ਼ ਧੀਰ, ਲਵ ਮੋਦਗਿਲ)- ਪੰਜਾਬ ਦੇ ਕਿਸਾਨਾ ਲਈ ਇਹ ਸੁਖਾਵੀਂ ਖ਼ਬਰ ਹੋਵੇਗੀ ਕਿ ਹੁਣ ਉਨ੍ਹਾਂ ਨੂੰ ਖੇਤੀ ਵਿੱਚ ਬਿਜਲੀ ਨੂੰ ਲੈ ਕੇ ਦਿਕਤ ਨਹੀਂ ਆਵੇਗੀ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੇ ਖੇਤੀਬਾੜੀ ਸੈਕਟਰ ਦੇ ਲਈ ਦੋ ਘੰਟੇ ਵਧਾ ਕੇ ਬਿਜਲੀ ਦੀ ਸਪਲਾਈ ਚਾਰ ਘੰਟੇ ਕਰ ਦਿੱਤੀ ਹੈ। ਕਾਰਪੋਰੇਸ਼ਨ ਦੇ ਇਸ ਫੈਸਲੇ ਨਾਲ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ, ਸਬਜ਼ੀਆਂ ਦੀ ਖੇਤੀ ਅਤੇ ਕਪਾਹ ਦੀ ਖੇਤੀ ਕਰਨ ਵਾਲੇ ਕਿਸਾਨ ਲਾਹੇਵੰਦ ਹੋਣਗੇ। ਉਧਰ ਦੂਜੇ ਪਾਸੇ ਕਾਰਪੋਰੇਸ਼ਨ ਨੇ ਬੈਂਕਿੰਗ ਸਿਸਟਮ ਦੇ ਤਹਿਤ ਹੋਰਨਾ ਸੂਬਿਆਂ ਤੋਂ ਬਿਜਲੀ ਲੈਣ ਦਾ ਨਿਰਣਾ ਲਿਆ ਹੈ। ਇਸ ਫੈਸਲੇ ਨਾਲ ਆਮ ਖਪਤਕਾਰਾਂ ਨੂੰ ਲੰਮੇ ਬਿਜਲੀ ਕੱਟਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਪੰਜਾਬ ਵਿੱਚ ਕਿਸਾਨਾ ਨੇ ਜੀਰੀ ਦੀ ਪਨੀਰੀ ਲਗਾ ਦਿੱਤੀ ਹੈ, ਲੇਕਿਨ ਉਨ੍ਹਾਂ ਨੂੰ ਕੇਵਲ ਦੋ ਘੰਟੇ ਰੋਜ਼ਾਨਾ ਬਿਜਲੀ ਦੀ ਸਪਲਾਈ ਮਿਲ ਰਹੀ ਸੀ। ਇਸ ਨਾਲ ਕਿਸਾਨ ਜਥੇਬੰਦੀਆਂ ਵਿੱਚ ਕਾਫੀ ਰੋਸ਼ ਸੀ। ਕਿਸਾਨਾ ਦਾ ਕਹਿਣਾ ਸੀ ਕਿ ਬਿਜਲੀ ਸਪਲਾਈ ਉਚਿਤ ਢੰਗ ਨਾਲ ਨਾ ਮਿਲਣ ਕਾਰਨ ਉਨ੍ਹਾਂ ਨੂੰ ਖੇਤੀ ਦਾ ਧੰਦਾ ਕਰਨ ਵਿੱਚ ਦਿਕਤਾਂ ਆ (ਬਾਕੀ ਸਫਾ 2 'ਤੇ)

ਟਿਊਬਵੈੱਲਾਂ, ਨਹਿਰੀ ਪਾਣੀ ਦੇ ਬਿੱਲ ਕਿਸਾਨ ਜਮ੍ਹਾਂ ਨਾ ਕਰਵਾਉਣ-ਬੀ.ਕੇ.ਯੂ.

ਪੰਜਾਬ ਸਰਕਾਰ ਵਾਅਦਿਆਂ ਤੋਂ ਮੁਕਰੀ

ਲੁਧਿਆਣਾ, 2 ਜੂਨ (ਰਾਜ ਜੋਸ਼ੀ)-ਪੰਜਾਬ ਦੇ ਕਿਸਾਨ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਟਿਊਬਵੈੱਲਾਂ ਅਤੇ ਆਬਿਆਨਾ (ਨਹਿਰੀ) ਪਾਣੀ ਦੇ ਬਿੱਲ ਜੋ ਭੇਜੇ ਗਏ ਹਨ, ਉਹ ਉਨ੍ਹਾਂ ਬਿੱਲਾਂ ਦਾ ਭੁਗਤਾਨ ਨਾ ਕਰਨ। ਇਹ ਅਪੀਲ ਅੱਜ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸਕੱਤਰ ਜਨਰਲ ਡਾ. ਪੂਰਨ ਸਿੰਘ ਸ਼ਾਹਕੋਟ ਨੇ ਸੂਬੇ ਦੀ ਹੋਈ ਇੱਕ ਵਿਸ਼ੇਸ਼ ਮੀਟਿੰਗ ਉਪਰੰਤ ਕਾਰਵਾਈ ਦੀ ਰਿਪੋਰਟ ਪ੍ਰੈੱਸ ਨੂੰ ਜਾਰੀ ਕਰਦਿਆਂ ਪੰਜਾਬ ਦੇ ਕਿਸਾਨਾਂ ਨੂੰ ਕੀਤੀ। ਉਨ੍ਹਾਂ ਨਾਲ ਇਸ ਸਮੇਂ ਮੀਟਿੰਗ ਵਿੱਚ ਪ੍ਰਧਾਨਗੀ ਕਰਨ ਵਾਲੇ ਮੀਤ ਪ੍ਰਧਾਨ ਬੀ.ਕੇ.ਯੂ. ਗੁਰਮੀਤ ਸਿੰਘ ਗੋਲੇਵਾਲ, ਮਾਸਟਰ ਸ਼ਮਸ਼ੇਰ ਸਿੰਘ ਘੜੂੰਆਂ, ਮਾਸਟਰ ਅਜਮੇਰ ਸਿੰਘ ਗਿੱਲ, ਸ੍ਰ. ਗੁਰਜੰਟ ਸਿੰਘ ਅਬੋਹਰ, ਅਵਤਾਰ ਸਿੰਘ ਮੇਹਲੋਂ, ਨਿਰਮਲ ਸਿੰਘ ਮਾਣੂੰਕੇ, ਸ੍ਰ. ਗੁਲਜ਼ਾਰ ਸਿੰਘ ਘੱਲ ਕਲਾਂ ਤੇ ਸਾਧੂ ਸਿੰਘ ਪਸੀਏਵਾਲ ਅਤੇ ਮੇਘ ਰਾਜ ਬੁੱਟਰ ਵੀ ਹਾਜ਼ਰ ਸਨ। ਉਨ੍ਹਾਂ ਇਸ ਸਮੇਂ ਦੱਸਿਆ ਕਿ ਬੀ.ਕੇ.ਯੂ. 10 ਜੂਨ ਨੂੰ ਪੰਜਾਬ ਬਾਡੀ ਦੀ ਹੋ ਰਹੀ ਮੀਟਿੰਗ ਉਪਰੰਤ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਵਿੱਚ ਭਾਵੇਂ ਸਰਕਾਰ ਨਾਲ ਲੋਹਾ ਲੈਣ ਦਾ ਹੀ ਐਲਾਨ ਕਿਉਂ ਨਾ ਹੋਵੇ, ਕਿਉਂਕਿ ਚੋਣਾਂ ਸਮੇਂ ਅਕਾਲੀ ਦਲ ਪ੍ਰਧਾਨ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਕਿਸਾਨਾਂ ਨੂੰ ਬਿਜਲੀ ਪਾਣੀ ਮੁਫਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਸੁਖਬੀਰ-ਕਾਲੀਆ ਕਮੇਟੀ ਦੀ ਰਿਪੋਰਟ ਦੇ ਬਾਵਜੂਦ ਇਸ ਦਾ ਯਕੀਨ (ਬਾਕੀ ਸਫਾ 2 'ਤੇ)

ਵਪਾਰੀਆਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ- ਨਿਰੂਪਮ ਰਤੀ

ਅੰਮ੍ਰਿਤਸਰ, 2 ਜੂਨ (ਮੋਤਾ ਸਿੰਘ)- ਅੱਜ ਬਚਤ ਭਵਨ ਵਿਖੇ ਟਰੇਡ ਬੋਰਡ ਪੰਜਾਬ ਦੇ ਚੇਅਰਮੈਨ ਸ੍ਰੀ ਨਿਰੂਪਮ ਰਤੀ ਅਤੇ ਉਪ ਚੇਅਰਮੈਨ ਸ੍ਰੀ ਮਦਨ ਲਾਲ ਬੱਗਾ ਦੀ ਪ੍ਰਧਾਨਗੀ ਹੇਠ ਵਪਾਰੀ ਵਰਗ ਦੀ ਮੀਟਿੰਗ ਹੋਈ। ਇਸ ਵਿੱਚ ਅੰਮ੍ਰਿਤਸਰ ਦੇ ਵਪਾਰੀਆਂ ਤੇ ਉਦਯੋਗਪਤੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਮੀਟਿੰਗ ਵਿੱਚ ਵੱਖ ਵੱਖ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਅਤੇ ਸ੍ਰੀ ਅਨਿਲ ਜੋਸ਼ੀ ਅਤੇ ਸ੍ਰ ਇੰਦਰਬੀਰ ਸਿੰਘ ਬੁਲਾਰੀਆ ਦੋਵੇਂ ਵਿਧਾਇਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਨਿਰੂਪਮ ਰਤੀ ਨੇ ਦੱਸਿਆ ਕਿ ਪਿਛਲੇ ਦਿਨੀਂ ਸਰਕਾਰ ਵੱਲੋਂ ਵਪਾਰੀਆਂ ਨੂੰ ਫਾਰਮ 23 ਅਤੇ 24 ਭਰਨੇ ਲਾਜਮੀ ਕੀਤੇ ਗਏ ਪਰ ਇਨ੍ਹਾਂ ਫਾਰਮਾਂ ਨੂੰ ਭਰਨਾ ਵਪਾਰੀ ਵਰਗ ਲਈ ਕਾਫੀ ਮੁਸ਼ਕਲ ਹੈ, ਜਿਸ ਸਬੰਧੀ ਮੁੱਖ ਮੰਤਰੀ ਪੰਜਾਬ ਸ੍ਰ ਪਰਕਾਸ਼ ਸਿੰਘ ਬਾਦਲ ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਨੇ ਇਸ ਸਮੱਸਿਆ ਦੇ ਹੱਲ ਲਈ ਦੋ ਮੈਂਬਰੀ ਕਮੇਟੀ ਥਾਪੀ। ਸ੍ਰੀ ਰਤੀ ਨੇ ਦੱਸਿਆ ਕਿ ਸ੍ਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਸ੍ਰੀ ਤੀਕਸ਼ਣ ਸੂਦ, ਦੋਵੇਂ ਕੈਬਿਨਟ ਮੰਤਰੀ ਪੰਜਾਬ ਇਸ ਕਮੇਟੀ ਦੇ ਮੈਂਬਰ ਹਨ। ਟਰੇਡ ਬੋਰਡ ਵੱਲੋਂ ਵਪਾਰੀਆਂ ਨਾਲ ਸਲਾਹ ਮਸ਼ਵਰਾ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਅਤੇ ਸੁਝਾਓ ਇਸ ਕਮੇਟੀ ਨੂੰ ਪੇਸ਼ ਕੀਤੇ ਜਾਣਗੇ ਤਾਂ ਜੋ ਸਰਕਾਰ ਵਪਾਰੀ ਵਰਗ ਦੇ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਗਲੀ (ਬਾਕੀ ਸਫਾ 2 'ਤੇ)

ਸਿੱਖਿਆ ਬੋਰਡ ਦੀਆਂ ਪ੍ਰਾਪਤੀਆਂ 'ਚ ਇੱਕ ਹੋਰ ਧੱਬਾ

ਅਮਲੋਹ ਦੇ +2 ਦੇ 3 ਫੇਲ੍ਹ ਦਰਸਾਏ ਵਿਦਿਆਰਥੀ ਮੈਰਿਟ ਲਿਸਟ 'ਚ ਆਏ

ਅਮਲੋਹ, 2 ਜੂਨ (ਵਿਪਨ ਬਾਂਸਲ)- ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਾਰਗੁਜਾਰੀ ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣੀ ਜਦੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਅਮਲੋਹ ਦੇ +2 ਦੇ 3 ਫੇਲ੍ਹ ਦਰਸਾਏ ਵਿਦਿਆਰਥੀ ਮੈਰਿਟ ਲਿਸਟ ਵਿਚ ਆਏ। ਇਸ ਸਕੂਲ ਦੇ 200 ਵਿਦਿਆਰਥੀਆਂ ਨੇ ਬਾਰਵੀਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਦਿੱਤੀ ਸੀ ਜਿਸ ਵਿਚ ਸਾਰੇ ਵਿਦਿਆਰਥੀ ਪਾਸ ਹੋਏ ਅਤੇ 5 ਵਿਦਿਆਰਥੀਆਂ ਨੇ ਹਿਸਾਬ ਦੇ ਵਿਸ਼ੇ ਵਿਚ 100 ਵਿਚੋਂ 100 ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਉੱਚਾ ਕੀਤਾ। ਇਸ ਸਕੂਲ ਦੇ ਇਕ ਵਿਦਿਆਰਥੀ ਗੁਰਪ੍ਰੀਤ ਸਿੰਘ ਨੂੰ ਮੈਰਿਟ ਲਿਸਟ ਵਿਚ ਦਰਸਾਇਆਂ ਗਿਆ ਸੀ ਜਿਸਨੇ 450 ਵਿਚੋਂ 392 ਅੰਕ ਪ੍ਰਾਪਤ ਕੀਤੇ ਸਨ। ਨਤੀਜੇ ਦੀ ਘੋਸ਼ਣਾ ਉਪਰੰਤ ਹੋਰ ਹੁਸ਼ਿਆਰ ਵਿਦਿਆਰਥੀਆਂ ਜਿਨ੍ਹਾਂ ਨੂੰ ਫੇਲ੍ਹ ਦਰਸਾਇਆਂ ਗਿਆ ਸੀ ਖਲਬਲੀ ਮੱਚ ਗਈ, ਉਨ੍ਹਾਂ ਦੇ ਮਾਪੇ, ਅਧਿਆਪਕ ਅਤੇ ਪਿੰਡ ਭੱਦਲਥੂਹਾਂ ਦੇ ਸਮਾਜ ਸੇਵਕ ਨਛੱਤਰ ਸਿੰਘ ਪੰਜਾਬ ਸਕੂਲ ਸਿੱਖਿਆਂ ਬੋਰਡ ਦੇ ਮੋਹਾਲੀ ਸਥਿਤ ਦਫਤਰ ਵਿਚ ਮੰਗਲਵਾਰ ਨੂੰ ਪਹੁੰਚੇ ਅਤੇ ਅਧਿਕਾਰੀਆਂ ਨੂੰ ਮਿਲ ਕੇ ਨਤੀਜਿਆਂ (ਬਾਕੀ ਸਫਾ 2 'ਤੇ)

ਵੋਟਰ ਕਾਰਡ ਫੋਟੋਗ੍ਰਾਫ਼ੀ ਦੀਆਂ ਤਰੀਕਾਂ ਦਾ ਐਲਾਨ

ਅੰਮ੍ਰਿਤਸਰ, 2 ਜੂਨ (ਮੋਤਾ ਸਿੰਘ)-ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਵੋਟਰ ਫੋਟੋ ਪਹਿਚਾਣ ਪੱਤਰਾਂ ਦੀ 100 ਫੀਸਦੀ ਕਵਰੇਜ ਦਾ ਟੀਚਾ ਹਾਸਲ ਕਰਨ ਲਈ 25-ਬਾਬਾ ਬਕਾਲਾ(ਐਸ:ਸੀ) ਵਿਧਾਨ ਸਭਾ ਚੋਣ ਹਲਕੇ ਲਈ ਉਲੀਕੇ ਬੂਥ ਵਾਈਜ਼ ਫੋਟੋਗ੍ਰਾਫੀ ਪ੍ਰੋਗਰਾਮ ਤੋਂ ਜਾਣੂੰ ਕਰਵਾਉਂਦਿਆਂ ਜਿਲ੍ਹਾ ਚੋਣ ਅਫਸਰ-ਕਮ- ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰ ਕਾਹਨ ਸਿੰਘ ਪੰਨੂੰ ਨੇ ਦੱਸਿਆ ਕਿ ਇਸ ਹਲਕੇ ਵਿਖੇ ਫੋਟੋਗ੍ਰਾਫੀ 3 ਜੂਨ ਤੋਂ 6 ਜੂਨ, 2010 ਤੱਕ ਕਰਵਾਈ ਜਾਵੇਗੀ। ਫੋਟੋਗ੍ਰਾਫੀ ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪੋਲਿੰਗ ਸਟੇਸ਼ਨ ਨੰ: 11, 14, 15, 35, 36, 36-ਏ, 37, 39 ਲਈ ਫੋਟੋਗ੍ਰਾਫੀ 3 ਜੂਨ, ਪੋਲਿੰਗ ਸਟੇਸ਼ਨ ਨੰ; 56, 66, 67, 68, 69, 70, 83, 87, 90, 91, 92, 93, 95-ਏ, 102, 104 ਲਈ ਫੋਟੋਗ੍ਰਾਫੀ 4 ਜੂਨ, ਪੋਲਿੰਗ ਸਟੇਸ਼ਨ ਨੰ: 109, 115, 122, 128, 131, 132, 133, 138, 139, 147 ਲਈ ਫੋਟੋਗ੍ਰਾਫੀ 5 ਜੂਨ ਅਤੇ ਪੋਲਿੰਗ ਸਟੇਸ਼ਨ ਨੰ: 149, 150, 152 ਲਈ ਫੋਟੋਗ੍ਰਾਫੀ 6 ਜੂਨ, 2010 ਨੂੰ ਕੀਤੀ ਜਾਵੇਗੀ।

ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ ਸਾਲਾਨਾ ਬਰਸੀਂ ਸਮਾਗਮ ਅੱਜ

ਭੁਲੱਥ, ਬੇਗੋਵਾਲ, 2 ਜੂਨ (ਸੁਖਵਿੰਦਰ ਸਿੰਘ ਬਾਗੜੀਆ) ਮਹਾਨ ਤਪੱਸਵੀ ਵਿਦਿਆ ਦੇ ਦਾਨੀ ਸਮਾਜ ਸੁਧਾਰਕ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ ਯਾਦ ਵਿੱਚ ਉਨ੍ਹਾਂ ਦੀ 60ਵੀਂ ਬਰਸੀ ਸਬੰਧੀ 3 ਦਿਨਾਂ ਧਾਰਮਿਕ ਜੋੜ ਮੇਲਾ ਦੇ ਸਮਾਪਤੀ ਸਮਾਗਮ 3 ਜੂਨ ਦਿਨ ਵੀਰਵਾਰ ਨੂੰ ਆਯੋਜਿਤ ਕੀਤੇ ਜਾ ਰਹੇ ਹਨ। ਡੇਰੇ ਦੇ ਮੌਜੂਦਾ ਮੁੱਖ ਸੇਵਾਦਾਰ ਬੀਬੀ ਜਗੀਰ ਕੌਰ ਦੀ ਅਗਵਾਈ ਹੇਠ ਹੋ ਰਹੇ ਇਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ, ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ ਵੱਖ-ਵੱਖ ਧਾਰਮਿਕ ਰਾਜਨੀਤਿਕ ਤੇ ਸਮਾਜਿਕ (ਬਾਕੀ ਸਫਾ 2 'ਤੇ)

ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਸਬੰਧੀ ਵਿਸ਼ੇਸ਼ ਸਪਲੀਮੈਂਟ ਸਫ਼ਾ ਅੱਠ 'ਤੇ

ਚੰਦਰ ਸ਼ੇਖਰ ਡੀ. ਜੀ. ਪੀ. ਬਣੇ

ਚੰਡੀਗੜ੍ਹ, 2 ਜੂਨ (ਅ.ਬ.) ਸ੍ਰੀ ਚੰਦਰ ਸ਼ੇਖਰ, ਆਈ. ਪੀ. ਐਸ. ਜਿਨ੍ਹਾਂ ਨੂੰ ਤਰੱਕੀ ਦੇ ਕੇ ਡੀ. ਜੀ. ਪੀ. ਬਣਾ ਦਿੱਤਾ ਗਿਆ ਹੈ। 1977 ਬੈਚ ਦੇ ਆਈ. ਪੀ. ਐਸ. ਅਧਿਕਾਰੀ ਸ੍ਰੀ ਚੰਦਰ ਸ਼ੇਖਰ, ਜੋ ਪੰਜਾਬ ਪੁਲਿਸ ਵਿੱਚ ਪਿਛਲੇ 33 ਸਾਲਾਂ ਤੋਂ ਅਲੱਗ-ਅਲੱਗ ਮਹੱਤਵਪੂਰਨ ਅਹੁੱਦਿਆ ਉੱਤੇ ਨਿਰਪਖਤਾ ਤੇ ਨਿਡਰਤਾ ਨਾਲ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਦੀਆਂ ਉਪਲਬੱਧੀਆਂ ਅਤੇ ਸ਼ਲਾਘਾਯੋਗ ਸੇਵਾਵਾਂ ਕਰਕੇ ਹੀ ਉਨ੍ਹਾਂ ਨੂੰ 1999 ਤੇ 2005 ਵਿੱਚ ਰਾਸ਼ਟਰਪਤੀ ਪੁਲਿਸ ਮੈਡਲ ਪ੍ਰਦਾਨ ਕੀਤੇ ਜਾ ਚੁੱਕੇ ਹਨ। ਪੰਜਾਬ ਸਰਕਾਰ ਨੂੰ ਸ੍ਰੀ ਸੇਖਰ ਨੂੰ ਐਡੀਸ਼ਨਲ ਡੀ. ਜੀ. ਪੀ. ਤੋਂ ਤਰੱਕੀ ਦੇ ਕੇ ਡਾਇਰੈਕਟਰ ਜਨਰਲ ਆਫ਼ ਪੁਲਿਸ ਨਿਯੁਕਤ ਕਰ ਦਿੱਤਾ ਹੈ, ਉਨ੍ਹਾਂ ਨੂੰ ਡੀ. ਜੀ. ਪੀ. (ਰੇਲਵੇ ਤੇ ਟ੍ਰੈਫਿਕ) ਪੰਜਾਬ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।



ਭਾਰਤ 'ਚ 8.3 ਫੀਸਦੀ ਨਾਬਾਲਿਗ ਲੜਕੀਆਂ ਤੰਬਾਕੂ ਦੀਆਂ ਆਦੀ

1 ਮਿਲੀਅਨ ਲੋਕ ਤੰਬਾਕੂ ਦੇ ਸੇਵਨ ਕਰਨ ਨਾਲ ਮਾਰੇ ਜਾਂਦੇ ਹਨ, ਜਦਕਿ 1.2 ਕਰੋੜ ਔਰਤਾਂ ਦੇਸ਼ ਵਿਚ ਤੰਬਾਕੂ ਦਾ ਸੇਵਨ ਕਰਦੀਆ

ਨਵੀਂ ਦਿੱਲੀ, 2 ਜੂਨ (ਵਿਸ਼ਵ ਵਾਰਤਾ)-ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਭਾਰਤ ਸਰਕਾਰ ਅਨੁਸਾਰ ਦੇਸ਼ ਵਿਚ ਹਰ ਸਾਲ 1 ਮਿਲੀਅਨ ਲੋਕ ਤੰਬਾਕੂ ਦੇ ਸੇਵਨ ਕਰਨ ਨਾਲ ਮਾਰੇ ਜਾਂਦੇ ਹਨ, ਜਦਕਿ 1.2 ਕਰੋੜ ਔਰਤਾਂ ਦੇਸ਼ ਵਿਚ ਤੰਬਾਕੂ ਦਾ ਸੇਵਨ ਕਰਦੀਆ ਹਨ, ਜਿਨ੍ਹਾਂ ਵਿਚੋਂ 54 ਲੱਖ ਬੀੜੀ, ਹੁੱਕਾ, ਸਿਗਰਟ, ਧਮੁੱਟੀ ਅਤੇ ਚੁੱਟਾ ਵਰਗੀਆਂ ਸਿਗਰਟਨੋਸ਼ੀ ਕਿਸਮਾਂ ਸਹਾਰੇ ਤੰਬਾਕੂ ਸੇਵਨ ਕਰਦੀਆਂ ਹਨ ਅਤੇ 65 ਲੱਖ ਵੱਲੋਂ ਗੁਟਕਾ, ਖੈਣੀ, ਗਢਾਕੂ ਆਦਿ ਹੋਰਨਾਂ ਗੈਰ ਸਿਗਰਟਨੋਸ਼ੀ ਕਿਸਮਾਂ ਦੇ ਸਹਾਰੇ ਤੰਬਾਕੂ ਖਾਧਾ ਜਾਂਦਾ ਹੈ। ਮੰਤਰਾਲਾ ਅਨੁਸਾਰ ਦੇਸ਼ ਵਿਚ 13 ਤੋਂ 15 ਵਰ੍ਹਿਆਂ ਦੀਆਂ 8.3 ਫੀਸਦੀ ਲੜਕੀਆਂ ਤੰਬਾਕੂ ਦਾ ਇਸਤੇਮਾਲ ਕਰਦੀਆਂ ਹਨ, ਜਿਸ ਵਿਚ 2.4 ਫੀਸਦੀ ਸਿਗਰਟਾਂ ਪੀਂਦੀਆਂ ਹਨ ਅਤੇ 7.2 ਫੀਸਦੀ ਤੰਬਾਕੂ ਦੀਆਂ ਹੋਰਨਾਂ ਕਿਸਮਾਂ ਦੀ ਵਰਤੋਂ ਕਰਦੀਆਂ ਹਨ। ਭਾਰਤ ਵਿਚ ਵਿਸ਼ਵ ਭਰ ਵਿਚ ਮੂੰਹ ਦੇ ਕੈਂਸਰ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਉਂਦੇ ਹਨ, ਜੋ ਕਿ ਤੰਬਾਕੂ ਦੇ ਸੇਵਨ ਕਾਰਨ ਆਉਂਦੇ ਹਨ।

ਕੇਂਦਰੀ ਪੁਲਿਸ ਬਲਾਂ 'ਚ ਸਹਾਇਕ ਕਮਾਂਡੈਂਟਾਂ ਦੀ ਲਿਖਤੀ ਪ੍ਰੀਖਿਆ ਦੇ ਨਤੀਜੇ ਦਾ ਐਲਾਨ

ਨਵੀਂ ਦਿੱਲੀ, 2 ਜੂਨ (ਵਿਸ਼ਵ ਵਾਰਤਾ)-ਸੰਘ ਲੋਕ ਸੇਵਾ ਕਮਿਸ਼ਨ ਵੱਲੋਂ ਕੇਂਦਰੀ ਪੁਲਿਸ ਬਲਾਂ ਵਿੱਚ ਸਹਾਇਕ ਕਮਾਂਡੈਂਟਾਂ ਦੀ ਲਿਖਤੀ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ ਹੈ। ਇਹ ਪ੍ਰੀਖਿਆ ਪਿਛਲੇ ਸਾਲ ਅਕਤੂਬਰ ਮਹੀਨੇ ਵਿੱਚ ਲਈ ਗਈ ਸੀ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਨਾਮਜ਼ਦ ਕੀਤੀ ਗਈ ਨੋਡਲ ਅਥਾਰਟੀ ਸੀਮਾ ਸੁਰੱਖਿਆ ਬਲ ਵੱਲੋਂ ਪਾਸ ਹੋਏ ਉਮੀਦਵਾਰਾਂ ਨੂੰ ਡਾਕਟਰੀ ਜਾਂਚ ਤੇ ਸਰੀਰਕ ਚੁਸਤੀ ਤੇ ਸ਼ਰੀਰਕ ਕੱਦਕਾਠ ਬਾਰੇ ਹੋਣ ਵਾਲੇ ਟੈਸਟਾਂ ਲਈ ਮਿਤੀ, ਸਮਾਂ ਅਤੇ ਸਥਾਨ ਦੀ ਜਾਣਕਾਰੀ ਦਿੱਤੀ ਜਾਵੇਗੀ, ਜੇ ਪਾਸ ਹੋਏ ਕਿਸੇ ਵੀ ਉਮੀਦਵਾਰ ਨੂੰ ਜੂਨ ਦੇ ਚੌਥੇ ਹਫਤੇ ਤੱਕ ਸੱਦਾ ਪੱਤਰ ਨਹੀਂ ਮਿਲਦਾ ਤਾਂ ਉਹ ਬੀ.ਐਸ.ਐਫ.ਦੇ ਟੈਲੀਫੋਨ ਨੰਬਰ 011-24364850 ਤੋਂ 55 ਤੱਕ ਅਕਟੈਕਸ਼ਨ 2606 ਅਤੇ 2615 ਉਤੇ ਸੰਪਰਕ ਕਰ ਸਕਦਾ ਹੈ । (ਬਾਕੀ ਸਫਾ 2 'ਤੇ)

ਕੌਮ ਲਈ ਸ਼ਹੀਦ ਹੋਣ ਵਾਲਿਆਂ ਦੀ ਸੋਚ 'ਤੇ ਪਹਿਰਾ ਦੇਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ

ਕਰਤਾਰਪੁਰ (ਜਲੰਧਰ) 2 ਜੂਨ (ਅ.ਬ.)-ਇਥੋਂ ਨੇੜੇ ਜਰਨੈਲੀ ਸੜਕ ਤੇ ਸਥਿੱਤ ਗੁਰਦਵਾਰਾ ਬੁੰਗਾ ਸਾਹਿਬ ਕੁਰਬਾਨੀਆਂ ਨੂੰ ਯਾਦ ਕੀਤਾ, ਉਥੇ ਨਾਲ ਹੀ ਪ੍ਰਬੰਧਕਾਂ ਵਲੋ ਸੰਘਰਸ਼ ਦੌਰਾਨ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਉਘੇ ਅਮਰੀਕ ਸਿੰਘ ਦੀ ਪੁੱਤਰੀ, ਭਾਈ ਜਸਬੀਰ ਸਿੰਘ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਹਿਬ , ਸਿੰਘ ਸਾਹਿਬ ਤੋਂ ਚਲ ਰਹੇ ਧਾਰਮਿਕ ਕਥਾ ਵਿਚਾਰ ਅਤੇ ਫਿਰ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸਿੱਖ ਇਤਿਹਾਸ ਦੇ ਪੰਨੇ ਫਰੋਲਦਿਆਂ

ਦਿਆਲਪੁਰ ਵਿਖੇ 1984 ਦੇ ਸਿੱਖ ਘਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਕੀਤੇ ਗਏ ਸ਼ਹੀਦੀ ਸਮਾਗਮ 'ਚ ਦੂਰ ਦੂਰ ਤੋਂ ਸੰਗਤ ਨੇ ਸ਼ਾਮਲ ਹੋ ਕੇ ਜਿਥੇ ਸ਼ਹੀਦਾਂ ਦੀਆਂ ਲਾਮਿਸਾਲ ਵਿਅਕਤੀਆਂ ਦੇ ਕਰੀਬ 100 ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਸਮਾਗਮ 'ਚ ਜਿਆਦਾਤਰ ਗਰਮ ਖਿਆਲੀ ਆਗੂ ਹਾਜਰ ਸਨ, ਜਿੰਨਾਂ 'ਚ ਭਾਈ ਮੋਹਕਮ ਸਿੰਘ, ਸ਼ਹੀਦ ਸਤਵੰਤ ਸਿੰਘ ਦਾ ਪਰਿਵਾਰ, ਸ਼ਹੀਦ ਬੇਅੰਤ ਸਿੰਘ ਦਾ ਪਰਿਵਾਰ, ਭਾਈ ਭਾਈ ਜਸਵਿੰਦਰ ਸਿੰਘ, ਭਾਈ ਗੁਰਦੇਵ ਸਿੰਘ ਦੇ ਪਰਿਵਾਰਕ ਮੈਂਬਰ,ਅਤੇ ਪਿਛਲੀ ਸਦੀ ਦੇ ਨੌਵੇ ਦਹਾਕੇ ਦੇ ਸਿੱਖ ਸੰਘਰਸ਼ ਦੇ ਕਈ ਹੋਰ ਸ਼ਹੀਦਾਂ ਦੇ ਪਰਿਵਾਰਕ ਮੈਂਬਰ ਹਾਜਰ ਸਨ, ਜਿੰਨਾਂ ਸਾਰਿਆਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਸਵੇਰ ਵੱਖ ਵੱਖ ਮੌਕਿਆਂ ਤੇ ਕੀਤੇ ਗਏ ਇਤਿਹਾਸਕ ਕਾਰਨਾਮਿਆਂ ਨੂੰ ਬੀਰ ਰਸ ਕਵਿਤਾ ਦੇ ਰੂਪ 'ਚ ਸੰਗੀਤਕ ਧੁੰਨਾਂ ਨਾਲ ਪੇਸ਼ ਕਰਕੇ ਮਹੌਲ ਨੂੰ ਪ੍ਰਭਾਵਸ਼ਾਲੀ ਤੇ ਇਕਾਗਰਤਾ ਵਾਲਾ ਬਣਾਇਆ (ਬਾਕੀ ਸਫਾ 2 'ਤੇ)

ਪੰਚ ਪ੍ਰਧਾਨੀ ਦੇ ਮਾਰਚ ਬਾਰੇ ਹਾਈਕੋਰਟ ਵੱਲੋਂ ਫੈਸਲਾ ਭਲਕੇ

ਚੰਡੀਗੜ੍ਹ 2 ਜੂਨ (ਹਰੀਸ਼ ਚੰਦਰ ਬਾਗਾਵਾਲਾ)-ਭਾਵੇਂ ਕਿ ਪੰਜਾਬ ਸਰਕਾਰ ਦੇ ਵਕੀਲ ਵੱਲੋਂ ਅਦਾਲਤ ਨੂੰ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਕੀਤਾ ਜਾਣ ਵਾਲਾ ਘੱਲੂਘਾਰਾ ਯਾਦਗਾਰੀ ਮਾਰਚ ਪੰਜਾਬ ਦੇ ਅਮਨ-ਕਾਨੂੰਨ ਲਈ ਖਤਰਾ ਹੈ, ਪਰ ਅਦਾਲਤ ਨੇ ਪੰਚ ਪ੍ਰਧਾਨੀ ਦੇ ਵਕੀਲ ਰਾਜਵਿੰਦਰ ਬੈਂਸ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਕਿਹਾ ਹੈ ਕਿ ਇਹ ਦੱਸਿਆ ਜਾਵੇ ਕਿ ਪੰਚ ਪ੍ਰਧਾਨੀ ਦਲ ਜਮਹੂਰੀ ਤਰੀਕੇ ਨਾਲ ਯਾਦਗਾਰੀ ਮਾਰਚ ਕਿਉਂ ਨਹੀਂ ਕਰ ਸਕਦਾ? ਅਦਾਲਤ ਨੇ ਇਸ ਮਸਲੇ ਦੀ ਸੁਣਵਾਈ 4 ਜੂਨ ਦਿਨ ਸ਼ੁੱਕਰਵਾਰ ਉੱਤੇ ਪਾ ਦਿੱਤੀ ਹੈ। ਸਰਕਾਰੀ ਧਿਰ ਦਾ ਪੱਖ ਵਧੀਕ ਐਡਟੋਕੇਟ ਜਨਰਲ ਸ. ਗਰੇਵਾਲ ਵੱਲੋਂ ਕੀਤਾ ਗਿਆ, ਜਿਨ੍ਹਾਂ ਕਿਹਾ ਕਿ ਇਹ ਸਿੱਖ ਜਥੇਬੰਦੀਆਂ 'ਖਾਲਿਸਤਾਨੀ ਵਿਚਾਰਧਾਰਾ' ਦੀਆਂ (ਬਾਕੀ ਸਫਾ 2 'ਤੇ)

ਦਲ ਖਾਲਸਾ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ 'ਚ ਤਣਾਅ

ਅੰਮ੍ਰਿਤਸਰ, 2 ਜੂਨ (ਮੋਤਾ ਸਿੰਘ) ਦਲ ਖ਼ਾਲਸਾ ਜੱਥੇਬੰਦੀਆਂ ਦੇ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਦਰਮਿਆਨ ਟਕਰਾਅ ਤੇ ਤਨਾਅ ਦੀ ਸਥਿਤੀ ਬਣੀ ਹੋਈ ਹੈ। ਦਲ ਖ਼ਾਲਸਾ ਦੇ ਆਗੂਆਂ ਨੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਤੇ ਦਬਾਅ ਪਾਉਣ ਲਈ 3 ਜੂਨ ਤੋਂ 72 ਘੰਟੇ ਦੀ ਭੁੱਖ ਹੜਤਾਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਉਹ ਭੁੱਖ ਹੜਤਾਲ ਸ੍ਰੀ ਦਰਬਾਰ ਸਾਹਿਬ (ਬਾਕੀ ਸਫਾ 2 'ਤੇ)